ਸੈਸ਼ਨ 2020-21
ਸ਼ੀਟ ਨੰ: 22

# ਈ-ਸ਼ਬਦ



## ਅੱਜ ਦਾ ਸ਼ਬਦ "ਨੈੱਟਵਰਕ"

ਨੈੱਟਵਰਕ ਤੋਂ ਭਾਵ ਹੈ ਇੱਕ ਤੋਂ ਵੱਧ ਵਿਅਕਤੀਆਂ, ਸੰਸਥਾਵਾਂ ਜਾਂ ਕਿਸੇ ਵੀ ਹੋਰ ਕਿਸਮ ਦੇ ਸਾਧਨਾਂ ਦਾ ਆਪਸ ਵਿੱਚ ਜੁੜਿਆ ਹੋਣਾ ਤਾਂ ਜੋ ਕੋਈ ਸਾਂਝਾਂ ਮੰਤਵ ਪੂਰਾ ਹੋ ਸਕਦਾ ਹੋਵੇ। ਕੰਪਿਊਟਰ ਦੇ ਖੇਤਰ ਵਿੱਚ ਨੈੱਟਵਰਕ ਤੋ ਭਾਵ ਹੈ ਦੋ ਜਾਂ ਵੱਧ ਕੰਪਿਊਟਰਾਂ ਨੂੰ ਸਾਧਨਾਂ ਦੀ ਸ਼ੇਅਰਿੰਗ, ਫਾਈਲਾਂ ਦੀ ਅਦਲਾ ਬਦਲੀ ਜਾਂ ਇਲੈਕਟ੍ਰਾਨਿਕ ਸੰਚਾਰ ਆਦਿ ਦੇ ਮੰਤਵ ਲਈ ਆਪਸ ਵਿੱਚ ਜੋੜਨਾ। ਨੈਟਵਰਕ ਵਿੱਚ ਕੰਪਿਊਟਰਾਂ ਨੂੰ ਆਪਸ ਵਿੱਚ ਤਾਰਾਂ, ਰੇਡੀਓ ਤਰੰਗਾਂ, ਸੈਟੇਲਾਇਟ ਜਾਂ ਇਨਫਰਾਰੈਡ ਰੋਸ਼ਨੀ ਤਰੰਗਾਂ ਆਦਿ ਰਾਹੀਂ ਜੋੜਿਆ ਜਾਂਦਾ ਹੈ। ਅਸੀਂ ਨੈਟਵਰਕਾਂ ਨੂੰ ਦੋ ਮੁੱਖ ਭਾਗਾਂ ਵਿੱਚ ਵੰਡ ਸਕਦੇ ਹਾਂ:

1. **ਨਿਜੀ ਨੈੱਟਵਰਕ** : ਇਸ ਕਿਸਮ ਦੇ ਨੈਟਵਰਕ ਵਿੱਚ ਸਾਡਾ ਡਾਟਾ ਨੈੱਟਵਰਕ ਦੀ ਹੱਦ ਤੱਕ ਕੇਵਲ ਉਹਨਾਂ ਹੀ ਯੂਜ਼ਰ ਲਈ ਮੌਜੂਦ ਹੁੰਦਾ ਹੈ ਜਿੰਨ੍ਹਾਂ ਨੂੰ ਇਸਦਾ ਅਧਿਕਾਰ ਦਿੱਤਾ ਜਾਂਦਾ ਹੈ। ਇਸ ਨੈੱਟਵਰਕ ਦੀ ਵਰਤੋਂ ਕਿਸੇ ਨਿਜੀ ਐਪਲੀਕੇਸ਼ਨ ਵਿੱਚ ਕੀਤੀ ਜਾਂਦੀ ਹੈ। ਇਸਦੀ ਉਦਾਹਰਣ ਸਾਡਾ ਪ੍ਰਾਇਵੇਟ ਵਾਈ-ਫਾਈ ਕੁਨੈਕਸ਼ਨ ਹੋ ਸਕਦਾ ਹੈ।
2. **ਜਨਤਕ ਨੈੱਟਵਰਕ:** ਇਸ ਕਿਸਮ ਦੇ ਨੈਟਵਰਕ ਵਿੱਚ ਡਾਟਾ ਨੈੱਟਵਰਕ ਦੀ ਹੱਦ ਵਿੱਚ ਆਉਣ ਵਾਲੇ ਸਾਰੇ ਹੀ ਯੂਜ਼ਰਾਂ ਦੀ ਪਹੁੰਚ ਵਿੱਚ ਹੁੰਦਾ ਹੈ। ਕੋਈ ਵੀ ਯੂਜ਼ਰ ਇਸਦੀ ਵਰਤੋਂ ਕਰ ਸਕਦਾ ਹੁੰਦਾ ਹੈ। ਇਸ ਦੀ ਉਦਾਹਰਣ ਟੀ.ਵੀ., ਰੇਡੀਓ ਨੈੱਟਵਰਕ ਹੋ ਸਕਦੇ ਹਨ।

## Word of the Day is "**Network**"

Network means interconnection of more than on individuals, Organizations or any other resources to fulfil a common objective. In the field of computers, a network consists of two or more computers that are linked in order to share resources, exchange files or allow electronic communications etc. The computers on a network may be linked through cables, radio waves, satellites or infrared light beams.

We can classify Networks in two main categories:

1. **Private Network:** This type of networks are accessible by authorized users only within the range of the network. This type of networks are used in private applications. Example of this type of network can be our private WiFi Collection.
2. **Public Network:** This type of networks are accessible by any of the users within the range of the network. This type of networks can be used by anyone. Example of this type of network can be T.V., Radio Network.

### ਰੋਚਕ ਤੱਥ:-

**ਭਾਰਤ ਦਾ ਸਭ ਤੋਂ ਪਹਿਲਾ ਜਨਤਕ ਇੰਟਰਨੈੱਟ ਕੁਨੈਕਸ਼ਨ ਵਿਦੇਸ਼ ਸੰਚਾਰ ਨਿਗਮ ਲਿਮਿਟਡ (VSNL) ਦੁਆਰਾ ਮਿਤੀ 15 ਅਗਸਤ, 1995 ਨੂੰ ਚਲਾਇਆ ਗਿਆ।**

### Interesting Facts:-

First public internet connection in India was launched by Videsh Sanchar Nigam Limited (VSNL) on 15th August 1995.

**ਪੰਜਾਬ ਆਈ. ਸੀ. ਟੀ. ਐਜੂਕੇਸ਼ਨ ਸੋਸਾਇਟੀ**

**D.M.: Mohd. Aarif (Sangrur)** **Sukhwinder Singh (GSSS(G), Sunam Udham Singh Wala)**